ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-8
ਜਮਾਤ-ਦਸਵੀਂ
ਮਿਤੀ-01.04.2020

# ਲਿਪੀ–ਬੋਧ

1. ਲਿਪੀ ਕੀ ਹੁੰਦੀ ਹੈ?
**ਉੱਤਰ:–**ਕਿਸੇ ਵੀ ਭਾਸ਼ਾ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਜਿਹਨਾਂ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹਨਾਂ ਚਿੰਨ੍ਹਾਂ ਦੇ ਸਮੂਹ ਨੂੰ **ਲਿਪੀ** ਕਿਹਾ ਜਾਂਦਾ ਹੈ।

2. ਗੁਰਮੁਖੀ ਲਿਪੀ ਦੀ ਪਰਿਭਾਸ਼ਾ ਲਿਖੋ।
**ਉੱਤਰ:–**ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ ਜਿਹਨਾਂ ਚਿੰਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹਨਾਂ ਚਿੰਨ੍ਹਾਂ ਦੇ ਸਮੂਹ ਨੂੰ **ਗੁਰਮੁਖੀ ਲਿਪੀ** ਕਿਹਾ ਜਾਂਦਾ ਹੈ।

3. ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ?
**ਉੱਤਰ:–**ਪੰਜਾਬੀ ਭਾਸ਼ਾ ਨੂੰ ਲਿਖਣ ਲਈ **ਗੁਰਮੁਖੀ ਲਿਪੀ** ਢੁਕਵੀਂ ਹੈ।

4. ਗੁਰਮੁਖੀ ਵਰਨਮਾਲ਼ਾ ਦੇ ਕਿੰਨੇ ਵਰਨ ਜਾਂ ਅੱਖਰ ਹਨ?
**ਉੱਤਰ:–**ਗੁਰਮੁਖੀ ਵਰਨਮਾਲ਼ਾ ਦੇ **ਇਕਤਾਲ਼ੀ** ਵਰਨ ਜਾਂ ਅੱਖਰ ਹਨ।

5. ਪਹਿਲਾਂ ਪ੍ਰਚਲਿਤ ਅੱਖਰਾਂ ਵਿੱਚ ਕੁਝ ਅੱਖਰਾਂ ਦੇ ਪੈਰਾਂ ਵਿੱਚ ਬਿੰਦੀ ਲਾ ਕੇ ਨਵੇਂ ਅੱਖਰ ਬਣਾਏ ਗਏ ਹਨ। ਇਹ ਨਵੇਂ ਅੱਖਰ ਕਿਹੜੇ ਹਨ? ਇਹ ਨਵੇਂ ਅੱਖਰ ਬਣਾਉਣ ਦੀ ਲੋੜ ਕਿਉਂ ਪਈ।
**ਉੱਤਰ:–** ਅਰਬੀ, ਫ਼ਾਰਸੀ ਧੁਨੀਆਂ ਨੂੰ ਲਿਖਤੀ ਰੂਪ ਵਿੱਚ ਅੰਕਿਤ ਕਰਨ ਲਈ, ਪਹਿਲਾਂ ਤੋਂ ਪ੍ਰਚਲਿਤ **ਸ, ਖ, ਗ, ਜ, ਫ**, ਅੱਖਰਾਂ ਦੇ ਪੈਰ ਵਿੱਚ ਬਿੰਦੀ ਲਗਾ ਕੇ **ਸ਼, ਖ਼, ਗ਼, ਜ਼, ਫ਼** ਅੱਖਰ ਬਣਾਏ ਗਏ। ਬਾਅਦ ਵਿੱਚ ਪੰਜਾਬੀ ਦੀ **/ਲ਼/** ਧੁਨੀ, **ਜਿਸ ਨੂੰ ਬੋਲਣ ਸਮੇਂ ਜੀਭ ਉਲਟ ਕੇ ਤਾਲੂ ਨੂੰ ਛੂੰਹਦੀ ਹੈ**, ਨੂੰ ਅੰਕਿਤ ਕਰਨ ਲਈ **ਲੱਲਾ** ਅੱਖਰ ਦੇ ਪੈਰ ਬਿੰਦੀ ਲਾ ਕੇ **'ਲ਼'** ਅੱਖਰ ਬਣਾਇਆ ਗਿਆ।

6. ਲ ਅਤੇ ਲ਼ ਵਿੱਚ ਕੀ ਅੰਤਰ ਹੈ?
**ਉੱਤਰ:– ਲੱਲਾ** ਅੱਖਰ **/ਲ/** ਧੁਨੀ ਨੂੰ ਅੰਕਿਤ ਕਰਦਾ ਹੈ, ਜਿਸ ਨੂੰ ਉਚਾਰਨ ਸਮੇਂ **ਜੀਭ ਦੰਦਾਂ ਦੇ ਅੰਦਰਲੇ ਪਾਸੇ** ਨੂੰ ਛੂੰਹਦੀ ਹੈ।
**'ਲ਼'** ਅੱਖਰ **/ਲ਼/** ਧੁਨੀ ਨੂੰ ਅੰਕਿਤ ਕਰਦਾ ਹੈ **ਜਿਸ ਨੂੰ ਬੋਲਣ ਸਮੇਂ ਜੀਭ ਉਲਟ ਕੇ ਤਾਲੂ ਨੂੰ ਛੂੰਹਦੀ ਹੈ।**

7. ਦੁੱਤ ਅੱਖਰ ਕਿਸਨੂੰ ਆਖਦੇ ਹਨ? ਉਦਾਹਰਨਾਂ ਸਹਿਤ ਲਿਖੋ।
**ਉੱਤਰ:–** ਉਹ ਅੱਖਰ ਜਿਹੜਾ ਦੋ ਅੱਖਰਾਂ ਦੇ ਮੇਲ਼ ਤੋਂ ਬਣੇ ਉਸ ਨੂੰ **ਦੁੱਤ ਅੱਖਰ** ਕਿਹਾ ਜਾਂਦਾ ਹੈ। ਇਸ ਵਿੱਚ ਇੱਕ ਅੱਖਰ ਦੂਜੇ ਅੱਖਰ ਦੇ ਪੈਰ ਵਿੱਚ ਲਿਖਿਆ ਜਾਂਦਾ ਹੈ ਅਤੇ ਦੋਵੇਂ ਮਿਲ਼ ਕੇ ਇੱਕ ਅਵਾਜ਼ ਪੈਦਾ ਕਰਦੇ ਹਨ। ਗੁਰਮੁਖੀ ਲਿਪੀ ਵਿੱਚ **'ਹ, ਰ, ਵ'** ਤਿੰਨ ਅੱਖਰਾਂ ਦੀ ਵਰਤੋਂ ਹੋਰ ਵਿਅੰਜਨ ਅੱਖਰਾਂ ਦੇ ਪੈਰਾਂ ਵਿੱਚ ਕੀਤੀ ਜਾਂਦੀ ਹੈ।

ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377